23

## ਨਮੂਨੇ ਦਾ ਪ੍ਰਸ਼ਨ ਪੱਤਰ

ਸਮਾਂ: 4 ਘੰਟੇ | ਸ਼੍ਰੇਣੀ-ਦਸਵੀਂ | ਕੁੱਲ ਅੰਕ: 50

ਸਮੈਸਟਰ- ਦੂਸਰਾ

ਵਿਸ਼ਾ: ਡਰਾਇੰਗ ਅਤੇ ਚਿੱਤਰਕਲਾ

ਨੋਟ: ਭਾਗ (ੳ) ਵਸਤੂ ਚਿੱਤਰਨ, ਭਾਗ (ਅ) ਸਕੈਚਿੰਗ ਅਤੇ ਬਣਾਵਟ, ਭਾਗ-(ੲ) ਧਰਤੀ ਦਾ ਦ੍ਰਿਸ਼ ਚਿੱਤਰਨ।

ਉਪਰੋਕਤ ਤਿੰਨੇ ਭਾਗ ਕਰਨੇ ਜਰੂਰੀ ਹਨ।

### ਭਾਗ-(ੳ) ਵਸਤੂ ਚਿੱਤਰਨ (Model Drawing) ਅੰਕ:30

ਸਾਹਮਣੇ ਦਿੱਤੇ ਹੋਏ ਮਾਡਲ ਜਿਸ ਵਿੱਚ ਡਰਾਇੰਗ ਬੋਰਡ ਉੱਤੇ ਤਿੰਨ ਵਸਤੂਆਂ ਇੱਟ, ਕੱਪ ਅਤੇ ਫੁੱਲਦਾਨ ਸੈਟ ਕੀਤੇ ਹੋਏ ਹਨ, ਦਾ ਮਾਡਲ ਆਪਣੀ ਸੀਟ ਅਨੁਸਾਰ ਦੇਖਕੇ ਬਣਾਓ। ਡਰਾਇੰਗ ਬੋਰਡ ਸਿਰਫ਼ ਮਾਡਲ ਸੈਟ ਕਰਨ ਲਈ ਰੱਖਿਆ ਹੈ।

ਮਾਧਿਅਮ: ਪੈਨਸਿਲ, ਪੋਸਟਰ, ਪੇਸਟਲ ਅਤੇ ਪਾਣੀ ਵਾਲੇ ਰੰਗ।

### ਭਾਗ-ਅ (ਡਿਜ਼ਾਇਨ) ਅੰਕ:10

ਇੱਕ ਆਇਤ 16 ਸੈਂ.ਮੀ. x12 ਸੈਂ.ਮੀ. ਵਿੱਚ ਫੁੱਲ ਪੱਤੀਆਂ ਅਤੇ ਟਾਹਣੀਆਂ ਦਾ ਸੁੰਦਰ ਨਮੂਨਾ 4 ਸੈਂ.ਮੀ. x 4 ਸੈਂ.ਮੀ. ਇੱਕ ਇਕਾਈ ਬਣਾਕੇ ਤਿਆਰ ਕਰੋ ਅਤੇ ਇਸ ਨੂੰ ਢੁਕਵੇਂ ਰੰਗਾਂ ਨਾਲ ਸਜਾਓ। ਕੋਈ ਚਾਰ ਰੰਗ ਵਰਤੇ ਜਾ ਸਕਦੇ ਹਨ।

ਮਾਧਿਅਮ: ਪੋਸਟਰ ਰੰਗ

### ਭਾਗ-ੲ (ਪੋਸਟਰ ਅਤੇ ਲੇ-ਆਊਟ) ਅੰਕ: 10

"ਮੇਰਾ ਰੰਗਲਾ ਪੰਜਾਬ" ਦਾ ਪੋਸਟਰ (ਸੰਦੇਸ਼ ਪੱਤਰ) ਬਣਾਓ। ਜਿਸ ਵਿੱਚ ਪੰਜਾਬ ਦੇ ਸੱਭਿਆਚਾਰ ਨੂੰ ਦਰਸਾਓ। ਇਸ ਨੂੰ ਢੁੱਕਵੇਂ ਰੰਗਾਂ ਨਾਲ ਸਜਾਓ।

ਜਾਂ

ਪੰਖੜੀਆਂ ਰਸਾਲੇ ਦਾ ਕਵਰ ਚਿੱਤਰ ਬਣਾਓ ਜਿਸ ਵਿੱਚ ਸਾਹਿਤ ਦੇ ਵੱਖ-ਵੱਖ ਰੰਗ ਪ੍ਰਗਟ ਹੋਣ। ਇਸ ਵਿੱਚ ਢੱਕਵੇਂ ਰੰਗ ਭਰੋ।

ਨੋਟ: ਭਾਗ ੳ, ਅ ਅਤੇ ੲ ਲਈ ਕਾਗਜ਼ ਦਾ ਸਾਈਜ਼ :- ਡਰਾਇੰਗ ਕਾਗਜ਼ ਦਾ 1/4 ਹਿੱਸਾ (35 ਸੈਂ.ਮੀ. x 25 ਸੈਂ.ਮੀ.)